# ਜਾਣਕਾਰੀ – ਉਨਾਂ ਪਰਿਵਾਰਾਂ/ ਦੋਸਤਾਂ ਲਈ ਜੋ ਕੋਰੋਨਾਵਾਇਰਸ (COVID-19) ਦੇ ਕਾਰਨ ਹਸਪਤਾਲਾਂ ਵਿੱਚ ਦਾਖਲ ਹਨ।

COBID -19 ਨਾਲ ਆਪ ਥੋੜੀ ਤੋਂ ਗੰਭੀਰ ਵੀਮਾਰੀ ਦੇ ਸ਼ਿਕਾਰ ਬਣ ਸਕਦੇ ਹੌ।

ਆਪ ਜੀ ਦੇ ਪਰਵਾਰਾਂ ਜਾਂ ਦੋਸਤਾਂ ਵਿੱਚੋਂ ਕੋਰੋਨਾਵਾਇਰਸ ਦੇ ਮਰੀਜਾਂ ਨੂੰ ਇਸ ਲਈ ਹਸਪਤਾਲ ਦਾਖਲ ਕੀਤਾ ਜਾਂਦਾ ਹੈ ਤਾਂ ਕੇ ਅਸੀਂ ਉਨਾਂ ਦੀ ਸੁਆਸ ਸ਼ਕਤੀ ਦੀ ਯਾਂਚ ਕੀਤੀ ਜਾ ਸਕੇ। ਲੋੜ ਅਨੁਸਾਰ ਓਕਸੀਜਨ ਦਾ ਵੀ ਉਪਯੋਗ ਕੀਤਾ ਜਾਂਦਾ ਹੈ, ਅਤੇ ਕਿਤੇ ਕਤਾਈਂ ਸਾਹਸ ਲੈਣ ਦੀ ਸਹਾਇਤਾ ਵਾਸਤੇ ਵੈਂਟੀਲੇਟਰ ਮਸ਼ੀਨ (ਨਕਲੀ ਸਾਹ) ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਅਸੀਂ ਮਰੀਜ ਦੀ ਸੇਹਤ ਦੀ ਹੋਰ ਕੋਈ ਲੋੜ ਦੀ ਵੀ ਮਦਦ ਕਰਦੇ ਹਾਂ।

ਇਹ ਪਰਚਾ ਆਪ ਜੀ ਨੂੰ ਜਾਣਕਾਰੀ ਦੇਵੇਗਾ ਕਿ ਮਰੀਜ ਵਾਸਤੇ ਕੀ ਇਲਾਜ ਅਤੇ ਆਪ ਜੀ ਵਾਸਤੇ ਕੀ ਸਹਾਇਤਾ ਮਿਲੇਗੀ।

## ਇਲਾਜ ਸਮੇਂ ਕੀ ਸਹਾਇਤਾ ਮਿਲੇਗੀ ?

ਵੀਮਾਰੀ ਦੇ ਇਲਾਜ ਕਰਦੇ ਸਮੇਂ ਨਾਲ ਇਹ ਬਹੁਤ ਹੀ ਜਰੂਰੀ ਹੈ ਮਰੀਜ ਦੀ ਚਿੰਤਾ/ ਫਿਕਰ ਨੂੰ ਵੀ ਦੂਰ ਕੀਤਾ ਜਾਵੇ. ਇਸ ਦੀ ਕਾਮਜਾਬੀ, ਮਰੀਜ ਦੀ ਵੀਮਾਰੀ ਦੇ ਕਾਰਨਾ ਦਾ ਇਲਾਜ ਕਰਕੇ;

- ਸਾਹ ਲੈਣ ਦੀ ਔਖਾਈ – ਵਾਸਤੇ ਮਰੀਜ ਨੂੰ ਸਮਯਾਇਆ ਜਾਂਦਾ ਹੈ ਕਿ ਸ਼ਾਂਤਿ ਮੰਨਿ ਅਤੇ ਆਰਾਮ ਨਾਲ ਸੁਆਸ ਲੈਣ ਵਿੱਚ ਸਹਾਇਤਾ ਮਿਲਦੀ ਹੈ, ਪਰ ਅਗਰ ਸਾਹ ਚੁੜਦਾ ਹਾਲਾਤ ਵਿਗੜਦੇ ਦਿਸਣ ਤਾਂ ਦਵਾਈਆਂ ਦਾ ਪਰਜੋਗ ਵੀ ਕਰਦੇ ਹਾਂ, ਇਸ ਸਮੇਂ ਮੋਰਫੀਨ ਦਵਾਈ ਆਮ ਵਰਤੀ ਜਾਂਦੀ ਹੈ। ਮੋਰਫੀਨ ਮਰੀਜ ਨੂੰ ਸ਼ਾਂਤ ਕਰਦਾ ਹੈ।
- ਖੰਘ – ਮੋਰਫੀਨ ਖੰਘ ਵਾਸਤੇ ਵੀ ਲਾਭਦਾਇਕ ਹੈ।
- ਚਿੰਤਾ / ਫਿਕਰ – ਮਰੀਜ ਵਾਸਤੇ ਆਮ ਗਲ ਹੈ; ਇਸ ਦੇ ਇਲਾਜ ਵਾਸਤੇ ਜੋ ਆਮ ਦਵਾਈਆਂ ਵਰਤੀਆਂ ਜਾਦੀਆਂ ਹਨ ਉਹ ਹਨ ‘ਲੋਰਾਯੀਪਾਮ’ ਅਤੇ ‘ਮੀਡਾਯੋਲਾਮ’.
- ਵੇਚੈਂਨੀ – ਅਗਰ ਮਰੀਜ ਨੂੰ ਬੁਖ਼ਾਰ ਹੋ ਜਾਵੇ ਤਾਂ ਮਨ ਵੇਚੈਂਨ ਹੋ ਜਾਂਦਾ ਹੈ, ਉਸ ਨੂੰ ਕਾਬੂ ਕਰਨ ਲਈ ਮਰੀਜ ਨੂੰ ‘ਪੈਰਾਸਿਟੀਮੁਲ’ ਦਿਤੀ ਜਾਂਦੀ ਹੈ।

ਮਰੀਜ ਲਈ ਹਰ ਦਵਾਈ ਦਾ ਪਰਯੋਗ ਸਮੇਂ ਅਤੇ ਲੋੜ ਅਨੁੰਸਾਰ ਕੀਤਾ ਜਾਂਦਾ ਹੈ। ਅਗਰ ਮਰੀਜ ਦਵਾਈ ਨਿਗਲਨ ਵਿੱਚ ਅਸਮਰਥ ਹੋ ਜਾਵੇ ਫਿਰ ਦਵਾਈ ਦਾ ਪਰਯੋਗ ਟੀਕੇ ਨਾਲ ਸਿਧਾ ਨਾੜੀ ਰਾਹੀਂ ਜਾਂ ਮਰੀਜ ਦੇ ਚਮੜੇ ਹੇਠ ਲੋੜ ਅਨੁੰਸਾਰ ਕੀਤਾ ਜਾਂਦਾ ਹੈ।

ਕਈ COBID - 19 ਦੇ ਗੰਭੀਰ ਮਰੀਜ਼ਾਂ ਦੇ ਫੇਫੜਿਆਂ ਤੇ ਅਸਰ ਨਾਲ ਆਂਮ ਤਰਾਂ ਕੰਮ ਨਹੀ ਕਰਦੇ। ਉਨਾਂ ਲਈ ਸਾਹ ਅੰਦਰ ਅਤੇ ਬਾਹਰ ਕਡਣ ਦੀ ਸਹਾਇਤਾ ਵਾਸਤੇ ਵੈਂਟੀਲੇਟਰ ਦੀ ਵੀ ਵਰਤੋਂ ਕੀਤੀ ਜਾਂਦੀ ਹੈ।ਮਰੀਜ ਨੂੰ ਵੈਂਟੀਲੇਟਰ ਦੀ ਲੋੜ ਲਗਾਤਾਰ ਕੁਝ ਦਿਨਾਂ ਵਾਸਤੇ, ਜਦ ਤਕ ਮਰੀਜ ਦੇ ਫੇਫੜੇ ਸਹੀ ਤਰਾਂ ਨਾਂ ਚਲਣ.

## ਫੈਸਲੇ ਲੈਣਾ –

ਮਰੀਜ ਨੂੰ ਕਿਸ ਪ੍ਰਕਾਰ ਦੀ ਮਦਦ ਜਾਂ ਲੋੜ ਹੈ, ਦੇ ਫੈਸਲੇ ਕਈ ਵਾਰ ਮੈਡੀਕਲ ਟੀਮ ਅਤੇ ਡਾਕਟਰਾਂ ਨੂੰ ਜਲਦ ਵਿੱਚ ਲੈਣੇ ਪੈਂਦੇ ਹਨ। ਉਦਾਰਹਰਣ ਦੇ ਲਈ, ਹਵਾਦਾਰੀ ਕਦੋਂ ਸ਼ੁਰੂ ਕਰਨੀ ਹੈ, ਜਾਂ ਦਿੱਲ ਚਾਲੂ ਕਰਨਾ ਅਗਰ ਰੁਕ ਜਾਂਦਾ ਹੈ।ਕਿਰਪਾ ਕਰਕੇ ਡਾਕਟਰੀ ਟੀਮ ਨੂੰ ਜਰੂਰ ਜਾਣਕਾਰੀ ਦਿਓ ਕਿ ਤੁਸੀਂ ਆਪਣੇ ਪ੍ਰਵਾਰਿਕ ਮੈਂਬਰ ਜਾਂ ਦੋਸਤਾਂ ਨਾਲ ਇਸ ਸਬੰਦ ਵਿਚਾਰ ਵਟਾਂਦਰੇ ਕੀਤੇ ਹਨ ਅਤੇ ਦਸੋ ਕਿ ਉਨ੍ਹਾਂ ਨੈ ਕੀ ਕਿਹਾ। ਅਗਰ ਆਪ ਜੀ ਅਨਿਸ਼ਚਿਤ ਨਹੀ ਹੋ, ਤਾਂ ਕਿਰਪਾ ਕਰਕੇ ਕਿਸੇ ਇਕ ਮੈਡੀਕਲ ਟੀਮ ਦੇ ਮੈਂਬਰ ਨਾਲ ਵੀਚਾਰ ਕਰੋ। ਬਹੁਤ ਸਾਰੀ ਸਲਾਹ ਜਾਂ ਜਾਣਕਾਰੀ ਡੋਕਟਰ ਜਾਂ ਨਰਸਾਂ ਨਾਲ ਟੈਲੀਫੋਨ ਰਾਂਹੀ ਹੀ ਹੋਵੇਗੀ, ਅਸੀਂ ਜਾਣਦੇ ਹਾਂ ਕਿ ਇਹ ਮੁਸ਼ਕਲ ਹੋਵੇਗਾ। ਕਿਰਪਾ ਕਰਕੇ ਇਹ ਸੁਨਿਸ਼ਚਤ ਕਰੋ ਕਿ ਸਾਡੇ ਕੋਲ ਤੁਹਾਡੇ ਨਾਲ ਸੰਪਰਕ ਕਰਨ ਦੇ ਸਹੀ ਵੇਰਵੇ ਹਨ ਅਤੇ ਕੇ ਤੁਸੀਂ ਸੂਚਿਤ ਰੱਖਣਾ ਚਾਹੁੰਦੇ ਹੋ ਤਾਂ ਵਾਰਡ ਅਮਲੇ ਨੂੰ ਦਸੋ।

## ਮੈਂ ਉਨਾਂ ਨਾਲ ਕਿਸ ਤਰਾਂ ਸੰਪ੍ਰਕ ਕਰ ਸਕਦਾਂ ਹਾਂ

ਦੋਨੋਂ ਹਸਪਤਾਲ ਦੇ ਅੰਦਰ ਅਤੇ ਬਾਹਰ ਸਖਤ ਨਿਯਮ ਇਕ ਦੂਜੇ ਤੋਂ ਅਲੱਗ ਰਹਿਣ ਲਈ ਲਾਗੂ ਹਨ, ਇਸਦਾ ਮਤਲਬ ਹੈ ਕਿ ਤੁਹਾਨੂੰ ਮਿਲਣ ਦੀ ਇਜਾਜ਼ਤ ਵੀ ਨਾ ਮਿਲੇ।ਜੇ ਹਸਪਤਾਲ ਦਾ ਦੌਰਾ ਕਰਨਾ ਹੈ, ਤਾਂ ਤੁਹਾਨੂੰ ਨਿੱਜੀ ਸੁਰੱਖਿਆ ਉਪਕਰਣ ਪਹਿਨਣੇ ਪੈਣਗੇ (ਇਹ ਪੀ.ਪੀ.ਈ. ਫੇਸ ਮਾਸਕ ਆਦਿ ਦੇ ਤੌਰ ਤੇ ਜਾਣਿਆ ਜਾਂਦਾ ਹੈ)। ਜਿਥੇ ਵੀ ਸੰਭਵ ਹੋਵੇ, ਵਾਰਡ ਸਟਾਫ ਟੈਲੀਫੋਨ ਜਾਂ ਵੀਡੀਓ ਰਾਹੀਂ ਗੱਲਬਾਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

EUROPEAN LUNG FOUNDATION

EUROPEAN RESPIRATORY SOCIETY

ਇਹ ਜਾਣਕਾਰੀ ਪਰਚਾ ਡਾਕਟਰ ਸਬਰੀਨਾਂ ਬਾਜਵ੍ਹਾ (ਸਿਸਲੀ ਸੌਂਡਰਸ ਇਨਸਟੀਚੂਟ, ਕਿਗੰਸ ਕਾਲਿਜ ਲੰਡਨ) ਨੇ, ਕੋ-ਓਥਰਸ ਅਤੇ ਮਰੀਜ/ ਦੇਖ-ਭਾਲ ਗਰੁਪਸ ਦੇ ਨਾਲ ਈ.ਰ.ਜੇ. ਐਡੀਟੋਰੀਅਲ “ਕੋਰੋਨਾਵਾਇਰਸ (ਛੌਂੜੀਧ-੧੯) ਦੇ ਮਰੀਜਾਂ ਦੀ ਸਹਾਇਤਾ ਅਤੇ ਦੇਖ-ਭਾਲ ਮੇਨੇਜਿੰਗ ਸਨਸਥਾ)” ਦੀ ਸਹਾਇਤਾ ਨਾਲ ਤਿਆਰ ਕੀਤਾ। ਜ਼ਿਕਰ ਯੋਗ ਹਨ;

Bajwah S, Wilcock A, Towers R, Costantini M, Bausewein C, Simon ST, Bendstrup E, Prentice W, Johnson MJ, Currow DC, Kreuter M, Wells AU, Birring SS, Edmonds P, Higginson IJ (2020). Managing the supportive care needs of those affected by COVID-19. ERJ: doi (10.1183/13993003.00815-2020)

**Produced in April 2020**

## ਕਿਆ ਮੈਨੂੰ ਹੋਰ ਸੇਵਾਵਾਂ/ ਸਹੂਲਤਾਂ ਮਿੱਲ ਸਕਦੀਆਂ ਹਨ

ਅਸੀਂ ਜਾਣਦੇ ਹਾਂ ਕਿ ਇਹ ਮੁਸ਼ਕਲ ਘੜੀ ਹੈ। ਅਗਰ ਆਪ ਕਿਸੇ ਨਾਲ ਗਲ ਬਾਤ ਕਰਨੀ ਚਾਹੁੰਦੇ ਹੋ ਕਿ ਆਪ ਕਿਸ ਤਰਾਂ ਮਹਿਸੂਸ ਕਰ ਰਹੇ ਹੋ ਤਾਂ ਕਿਰਪਾ ਕਰਕੇ ਕਿਸੇ ਵਾਰਡ ਅਮਲੇ ਦੇ ਮੈਂਬਰ ਨਾਲ ਸਮਪ੍ਰਕ ਕਰੋ ਜਾਂ ਕਿਸੇ ਵੀ ਹੇਠ ਲਿਖੇ ਸਹਾਇਤਾ ਸਰਵਿਸਸ ਨਾਲ ਸਮਪ੍ਰਕ ਕਰੋ ਜੋ ਆਪ ਜੀ ਲਈ ਕਾਇਮ ਕੀਤੇ ਗਏ ਹਨ।